

ਡਰੱਗ ਮਾਮਲਾ : ਮਜੀਠੀਆ ਦੀ ਜ਼ਮਾਨਤ ਵਿਰੁਧ ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਸੁਣਵਾਈ ਚਾਰ ਹ.ਫ਼ਤਿਆਂ ਬਾਅਦ

ਬੈਂਚ ਨੇ ਕਿਹਾ, "ਅਸੀਂ ਇਸ ਨੂੰ ਚਾਰ ਹ.ਫ਼ਤਿਆਂ ਬਾਅਦ ਸੁਣਵਾਈ ਲਈ ਸੂਚੀਬੱਧ ਕਰਾਂਗੇ"

ਨਵੀਂ ਦਿੱਲੀ, 7 ਫ਼ਰਵਰੀ : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਵਿਰੁਧ ਪੰਜਾਬ ਸਰਕਾਰ ਵਲੋਂ ਦਾਇਰ ਪਟੀਸ਼ਨ 'ਤੇ ਚਾਰ ਹਫ਼ਤਿਆਂ ਬਾਅਦ ਸੁਣਵਾਈ ਕਰੇਗੀ।

ਜਸਟਿਸ ਅਨਿਰੁਧ ਬੋਸ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਬੈਂਚ ਨੇ ਪੰਜਾਬ ਸਰਕਾਰ ਦੀ ਬੇਨਤੀ 'ਤੇ ਇਹ ਫ਼ੈਸਲਾ ਲਿਆ ਕਿ ਇਸ ਮਾਮਲੇ 'ਚ ਪੇਸ਼ ਹੋਏ ਸੀਨੀਅਰ ਵਕੀਲ ਸ਼ਿਆਮ ਦੀਵਾਨ ਕਿਸੇ ਹੋਰ ਅਦਾਲਤ 'ਚ ਰੁੱਝੇ ਹੋਏ ਹਨ, ਇਸ ਲਈ ਸੁਣਵਾਈ ਕੁੱਝ ਸਮੇਂ ਲਈ ਮੁਲਤਵੀ ਕੀਤੀ ਜਾ ਸਕਦੀ ਹੈ।

ਬੈਂਚ ਨੇ ਕਿਹਾ, "ਅੱਜ ਕੁੱਝ ਸਮੇਂ ਲਈ ਮਾਮਲੇ ਨੂੰ ਮੁਲਤਵੀ ਕਰਨਾ ਮੁਸ਼ਕਲ ਹੋਵੇਗਾ। ਇਸ ਦੀ ਬਜਾਏ, ਅਸੀਂ ਇਸ ਨੂੰ ਚਾਰ ਹਫ਼ਤਿਆਂ ਬਾਅਦ ਸੁਣਵਾਈ ਲਈ ਸੂਚੀਬੱਧ ਕਰਾਂਗੇ।"

ਇਸ ਤੋਂ ਪਹਿਲਾਂ 30 ਜਨਵਰੀ ਨੂੰ ਜਸਟਿਸ ਸੂਰਿਆ ਕਾਂਤ, ਜੋ ਕਿ ਜਸਟਿਸ ਜੇ.ਕੇ. ਮਹੇਸ਼ਵਰੀ ਦੇ ਨਾਲ ਬੈਂਚ ਦਾ ਹਿੱਸਾ ਸਨ, ਨੇ ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਇਹ ਕਹਿੰਦਿਆਂ ਅਪਣੇ ਆਪ ਨੂੰ ਵੱਖ ਕਰ ਲਿਆ ਸੀ ਕਿ ਉਹ ਹਾਈ ਕੋਰਟ ਦੇ ਉਸ ਬੈਂਚ ਦਾ ਹਿੱਸਾ ਸਨ ਜਿਸ ਨੇ ਨਸ਼ਿਆਂ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਸਪੈਸ਼ਲ ਟਾਸਕ ਫ਼ੋਰਸ (ਐਸ.ਟੀ.ਐਫ਼.) ਦੇ ਗਠਨ ਦੇ ਨਿਰਦੇਸ਼ ਦਿਤੇ ਸੀ। ਸਿੱਟੇ ਵਜੋਂ, ਇਹ ਮਾਮਲਾ ਭਾਰਤ ਦੇ ਚੀਫ਼ ਜਸਟਿਸ, ਡੀ.ਵਾਈ. ਚੰਦਰਚੂੜ ਨੂੰ ਭੇਜਦੇ ਹੋਏ ਇਸ ਦੀ ਸੁਣਵਾਈ ਲਈ ਇਕ ਵੱਖਰੇ ਬੈਂਚ ਦੇ ਗਠਨ ਦੀ ਮੰਗ ਕੀਤੀ ਗਈ।

ਇਸ ਤੋਂ ਬਾਅਦ ਇਹ ਮਾਮਲਾ ਜਸਟਿਸ ਬੋਸ ਦੀ ਅਗਵਾਈ ਵਾਲੀ ਬੈਂਚ ਅੱਗੇ ਸੂਚੀਬੱਧ ਕੀਤਾ ਗਿਆ।

ਪੰਜਾਬ ਸਰਕਾਰ ਨੇ ਹਾਈ ਕੋਰਟ ਦੇ 10 ਅਗੱਸਤ 2022 ਦੇ ਹੁਕਮ ਨੂੰ ਚੁਣੌਤੀ ਦਿਤੀ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਮਜੀਠੀਆ ਨੂੰ ਦੋਸ਼ੀ ਨਾ ਮੰਨਣ ਲਈ 'ਵਾਜਬ ਆਧਾਰ' ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਜੀਠੀਆ ਨੂੰ ਉਸੇ ਦਿਨ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ ਸੀ।

ਮਜੀਠੀਆ 'ਤੇ ਪੰਜਾਬ ਵਿਚ ਡਰੱਗ ਰੈਕੇਟ ਚਲਾਉਣ ਦੇ ਦੋਸ਼ 'ਚ 2018 ਦੀ ਐਂਟੀ-ਨਾਰਕੋਟਿਕਸ ਸਪੈਸ਼ਲ ਟਾਸਕ ਫ਼ੋਰਸ ਦੀ ਰਿਪੋਰਟ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਗਿਆ ਸੀ।

ਐਸ.ਟੀ.ਐਫ਼. ਦੀ ਰਿਪੋਰਟ ਜਗਜੀਤ ਸਿੰਘ ਚਾਹਲ, ਜਗਦੀਸ਼ ਸਿੰਘ ਭੋਲਾ ਅਤੇ ਮਨਿੰਦਰ ਸਿੰਘ ਔਲਖ ਸਮੇਤ ਕੁਝ ਦੋਸ਼ੀਆਂ ਵਲੋਂ ਐਨਫ਼ੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਦਿੱਤੇ ਗਏ ਇਕਬਾਲੀਆ ਬਿਆਨਾਂ 'ਤੇ ਆਧਾਰਿਤ ਸੀ। **(ਏਜੰਸੀ)**

ਹਿਲੇਰੀ ਕਲਿੰਟਨ ਨੇ ਮਹਾਰਾਸ਼ਟਰ ਅਤੇ ਗੁਜਰਾਤ ਦੀਆਂ ਵੱਖ-ਵੱਖ ਥਾਵਾਂ ਦਾ ਕੀਤਾ ਦੌਰਾ

ਔਰੰਗਾਬਾਦ, 7 ਫ਼ਰਵਰੀ : ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਮੰਗਲਵਾਰ ਨੂੰ ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲ੍ਹੇ ਵਿਚ ਪਹੁੰਚੀ, ਜਿਥੇ ਉਹ ਬੁਧਵਾਰ ਨੂੰ ਵਿਸ਼ਵ ਪ੍ਰਸਿੱਧ ਐਲੋਰਾ ਗੁਫ਼ਾਵਾਂ ਦਾ ਦੌਰਾ ਕਰੇਗੀ। ਇਕ ਅਧਿਕਾਰੀ ਨੇ ਕਿਹਾ ਕਿ ਕਲਿੰਟਨ ਦੋ ਦਿਨਾਂ ਲਈ ਗੁਜਰਾਤ ਦੌਰੇ 'ਤੇ ਸੀ। ਉਹ ਮੰਗਲਵਾਰ ਦੁਪਹਿਰ ਇਥੇ ਪਹੁੰਚੀ ਅਤੇ ਖੁਲਤਾਬਾਦ ਸ਼ਹਿਰ ਲਈ ਰਵਾਨਾ ਹੋਈ ਜਿਥੇ ਉਹ ਰਾਤ ਰੁਕੇਗੀ। ਅਧਿਕਾਰੀ ਨੇ ਕਿਹਾ ਕਿ ਬੁਧਵਾਰ ਨੂੰ

ਉਹ ਦੇਸ਼ ਦੇ 12ਵੇਂ ਜੋਤਿਰਲਿੰਗ ਘ੍ਰਿਸਨੇਸ਼ਵਰ ਮੰਦਰ ਦਾ ਦੌਰਾ ਕਰੇਗੀ ਅਤੇ ਐਲੋਰਾ ਗੁਫ਼ਾ ਦੇਖਣ ਜਾਵੇਗੀ। ਅਧਿਕਾਰੀ ਨੇ ਦਸਿਆ ਕਿ ਕਲਿੰਟਨ ਦੀ ਔਰੰਗਾਬਾਦ ਫ਼ੇਰੀ ਦੌਰਾਨ ਸੁਰੱਖਿਆ ਲਈ ਤਕਰੀਬਨ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ।

ਕਲਿੰਟਨ ਨੇ ਸੋਮਵਾਰ ਨੂੰ ਮਰਹੂਮ ਕਾਰਕੁਨ ਇਲਾ ਭੱਟ ਦੁਆਰਾ ਵਿੱਤੀ ਮਦਦ ਪ੍ਰਾਪਤ ਸਵੈ-ਰੁਜ਼ਗਾਰ ਮਹਿਲਾ ਐਸੋਸੀਏਸ਼ਨ (ਸੇਵਾ) ਦੇ ਸਹਿਯੋਗ ਨਾਲ ਜਲਵਾਯੂ ਤਬਦੀਲੀ ਨਾਲ ਲੜਨ ਲਈ ਔਰਤਾਂ ਲਈ 5 ਕਰੋੜ ਡਾਲਰ ਦੇ 'ਗਲੋਬਲ ਕਲਾਈਮੇਟ ਰਿਜਿਲੈਂਸ ਫ਼ੰਡ' ਦਾ ਐਲਾਨ ਕੀਤਾ ਸੀ। ਹਿਲੇਰੀ ਨੇ ਕਿਹਾ ਕਿ ਇਹ ਫ਼ੰਡ ਔਰਤਾਂ ਅਤੇ ਭਾਈਚਾਰਿਆਂ ਨੂੰ ਜਲਵਾਯੂ ਤਬਦੀਲੀ ਨਾਲ ਲੜਨ ਲਈ ਸ਼ਕਤੀ ਪ੍ਰਦਾਨ ਕਰੇਗਾ ਅਤੇ ਰੋਜ਼ੀ-ਰੋਟੀ ਦੇ ਨਵੇਂ ਸਰੋਤ ਅਤੇ ਸਿਖਿਆ ਪ੍ਰਦਾਨ ਕਰਨ ਵਿਚ ਮਦਦ ਕਰੇਗਾ। ਉਹ ਟਰੇਡ ਯੂਨੀਅਨ ਵਜੋਂ 50 ਸਾਲਾਂ ਦੀ ਸੇਵਾ ਦਾ ਜਸ਼ਨ ਮਨਾਉਣ ਲਈ ਅਹਿਮਦਾਬਾਦ ਵਿਚ ਇਕ ਸਮਾਗਮ ਵਿਚ ਸ਼ਾਮਲ ਹੋਈ, ਅਤੇ ਪ੍ਰਸਿੱਧ ਸਮਾਜਕ ਕਾਰਕੁੰਨ ਇਲਾ ਭੱਟ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦਾ ਪਿਛਲੇ ਸਾਲ ਨਵੰਬਰ ਵਿਚ ਦੇਹਾਂਤ ਹੋ ਗਿਆ ਸੀ। **(ਏਜੰਸੀ)**

ਸੜਕ ਕਿਨਾਰੇ ਖੜੇ ਟਰੱਕ ਨਾਲ ਟਕਰਾਈ ਵੈਨ, 4 ਦੀ ਮੌਤ

ਸੁਰੇਂਦਰਨਗਰ, 7 ਫ਼ਰਵਰੀ : ਗੁਜਰਾਤ ਦੇ ਸੁਰੇਂਦਰਨਗਰ ਜ਼ਿਲ੍ਹੇ 'ਚ ਮੰਗਲਵਾਰ ਸਵੇਰੇ ਇਕ ਮਿੰਨੀ ਵੈਨ ਰਾਜਮਾਰਗ ਦੇ ਕਿਨਾਰੇ ਖੜੇ ਇਕ ਟਰੱਕ ਨਾਲ ਟਕਰਾ ਗਈ, ਜਿਸ ਨਾਲ 4 ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿਤੀ। ਸਾਇਲਾ ਪੁਲਿਸ ਥਾਣੇ ਦੇ ਇਕ ਅਧਿਕਾਰੀ ਅਨੁਸਾਰ, ਹਾਦਸਾ ਸਵੇਰੇ ਕਰੀਬ 6 ਵਜੇ ਵਾਪਰਿਆ। ਵੈਨ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਬਚਾਅ ਦਲ ਨੂੰ ਲਾਸ਼ਾਂ ਨੂੰ ਵਾਹਨ 'ਚੋਂ ਬਾਹਰ ਕੱਢਣ ਵਿਚ ਕਾਫੀ ਸਮਾਂ ਲੱਗਾ।

ਅਧਿਕਾਰੀ ਨੇ ਦਸਿਆ, "ਵੈਨ ਰਾਸ਼ਟਰੀ ਰਾਜਮਾਰਗ 'ਤੇ ਮੋਡਾਸਾ ਤੋਂ ਰਾਜਕੋਟ ਵਲ ਜਾ ਰਹੀ ਸੀ, ਉਦੋਂ ਉਹ 'ਆਇਆ ਪਿੰਡ' ਕੋਲ ਖੜੇ ਇਕ ਟਰੱਕ ਨਾਲ ਪਿਛਿਉਂ ਜਾ ਟਕਰਾਈ। ਵੈਨ ਸਵਾਰ ਸਾਰੇ ਚਾਰ ਯਾਤਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਫਿਲਹਾਲ ਮ੍ਰਿਤਕਾਂ ਦੀ ਪਛਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।" **(ਏਜੰਸੀ)**

ਭਾਰਤੀ ਫ਼ੌਜ ਨੇ ਭੂਚਾਲ ਪ੍ਰਭਾਵਤ ਤੁਰਕੀ ਲਈ ਭੇਜੀ ਮੈਡੀਕਲ ਟੀਮ

ਨਵੀਂ ਦਿੱਲੀ, 7 ਫ਼ਰਵਰੀ : ਭਾਰਤ ਸਰਕਾਰ ਵਲੋਂ ਭੂਚਾਲ ਪ੍ਰਭਾਵਤ ਤੁਰਕੀ ਦੀ ਮਦਦ ਕਰਨ ਦੇ ਫ਼ੈਸਲੇ ਦੇ ਅਧੀਨ ਤੁਰਕੀ ਦੇ ਲੋਕਾਂ ਨੂੰ ਮੈਡੀਕਲ ਮਦਦ ਉਪਲੱਬਧ ਕਰਵਾਉਣ ਲਈ ਭਾਰਤੀ ਫ਼ੌਜ ਨੇ ਮੰਗਲਵਾਰ ਨੂੰ ਡਾਕਟਰਾਂ ਦੀ ਟੀਮ ਭੇਜੀ। ਅਧਿਕਾਰੀਆਂ ਨੇ ਕਿਹਾ ਕਿ ਆਗਰਾ-ਸਥਿਤ ਆਰਮੀ ਫ਼ੀਲਡ ਹਸਪਤਾਲ ਨੇ 89 ਮੈਂਬਰੀ ਮੈਡੀਕਲ ਟੀਮ ਭੇਜੀ ਹੈ। ਮੈਡੀਕਲ ਟੀਮ 'ਚ ਹੋਰ ਤੋਂ ਇਲਾਵਾ ਮੈਡੀਕਲ ਦੇਖਭਾਲ ਮਾਹਰ ਵੀ ਹਨ। ਇਸ ਟੁਕੜੀ 'ਚ ਆਰਥੋਪੈਡਿਕ (ਹੱਡੀ ਰੋਗ) ਸਰਜਰੀ ਟੀਮ, ਆਮ ਸਰਜਰੀ ਦੀ ਵਿਸ਼ੇਸ਼ ਟੀਮ ਅਤੇ ਮੈਡੀਕਲ ਮਾਹਰ ਟੀਮਾਂ ਸ਼ਾਮਲ ਹਨ। ਇਹ ਟੀਮ ਐਕਸਰੇਅ ਮਸ਼ੀਨ, ਵੈਂਟੀਲੇਟਰ, ਆਕਸੀਜਨ ਜੇਨਰੇਸ਼ਨ ਪਲਾਂਟ, ਦਿਲ ਦੀ ਗਤੀ ਮਾਪਣ ਲਈ ਕਾਰਡੀਅਕ ਮਾਨਿਟਰ ਅਤੇ ਸਬੰਧਤ ਉਪਕਰਣਾਂ ਨਾਲ ਲੈੱਸ ਹੈ, ਜੋ 30 ਬੈੱਡ ਵਾਲੇ ਮੈਡੀਕਲ ਹਸਪਤਾਲ 'ਚ ਉਪਯੋਗੀ ਵਸਤੂਆਂ ਦੇ ਬਰਾਬਰ ਹਨ। ਤੁਰਕੀ ਦੀ ਹਰ ਸੰਭਵ ਮਦਦ ਦੀ ਪੇਸ਼ਕਸ਼ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਰਦੇਸ਼ ਤੋਂ ਬਾਅਦ ਭਾਰਤ ਨੇ ਸੋਮਵਾਰ ਨੂੰ ਤੁਰਤ ਰਾਸ਼ਟਰੀ ਆਫ਼ਤ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ.) ਦੀ ਖੋਜ ਅਤੇ ਬਚਾਅ ਟੀਮ, ਮੈਡੀਕਲ ਟੀਮ ਅਤੇ ਰਾਹਤ ਬਚਾਅ ਟੀਮ ਨੂੰ ਦੇਸ਼ ਭੇਜਣ ਦਾ ਫ਼ੈਸਲਾ ਕੀਤਾ। ਰਾਹਤ ਸਮੱਗਰੀ ਨਾਲ ਪਹਿਲਾ ਜਹਾਜ਼ ਸੋਮਵਾਰ ਰਾਤ ਭੇਜਿਆ ਗਿਆ। **(ਏਜੰਸੀ)**

ਇਕ ਨਜ਼ਰ....

ਲੜਕੀ ਨੂੰ ਮਿਲਣ ਦੇ ਦੋਸ਼ ਹੇਠ ਕੁੱਟ-ਮਾਰ, ਪਿਸ਼ਾਬ ਪੀਣ ਲਈ ਕੀਤਾ ਮਜਬੂਰ, 6 ਗ੍ਰਿ.ਫ਼ਤਾਰ

ਜੋਧਪੁਰ,7 ਫ਼ਰਵਰੀ : ਰਾਜਸਥਾਨ ਦੇ ਜਾਲੌਰ ਜ਼ਿਲ੍ਹੇ ਵਿਚ ਪਿੰਡ ਵਾਸੀਆਂ ਦੇ ਇਕ ਸਮੂਹ ਨੇ ਕਥਿਤ ਤੌਰ 'ਤੇ ਇਕ ਲੜਕੀ ਨੂੰ ਮਿਲਣ ਆਏ ਇਕ ਵਿਅਕਤੀ ਨੂੰ ਫੜ ਕੇ ਦਰੱਖ਼ਤ ਨਾਲ ਬੰਨ੍ਹ ਕੇ ਕੁੱਟਿਆ ਅਤੇ ਪਿਸ਼ਾਬ ਪੀਣ ਲਈ ਮਜਬੂਰ ਕੀਤਾ। ਹਮਲੇ ਦੀ ਵੀਡੀਉ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਛੇ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਪੁਲਿਸ ਨੇ ਪੀੜਤ ਵਿਅਕਤੀ ਖ਼ਿਲਾਫ਼ ਵੀ ਪ੍ਰੋਟੈਕਸ਼ਨ ਆਫ਼ ਚਿਲਡਰਨ ਫ਼ਰਾਮ ਸੈਕਸੁਅਲ ਆਫੈਂਸ (ਪੋਕਸੋ) ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਮੁਤਾਬਕ ਪੀੜਤ ਵਿਅਕਤੀ ਐਤਵਾਰ ਰਾਤ ਨੂੰ ਨਜ਼ਦੀਕੀ ਪਿੰਡ 'ਚ ਕਥਿਤ ਤੌਰ 'ਤੇ ਇਕ ਲੜਕੀ ਨੂੰ ਮਿਲਣ ਆਇਆ ਸੀ। ਪਿੰਡ ਵਾਸੀਆਂ ਅਤੇ ਲੜਕੀ ਦੇ ਪ੍ਰਵਾਰਕ ਮੈਂਬਰਾਂ ਨੇ ਉਸ ਨੂੰ ਫੜ ਕੇ ਦਰੱਖ਼ਤ ਨਾਲ ਬੰਨ੍ਹ ਕੇ ਬੁਰੀ ਤਰ੍ਹਾਂ ਕੁੱਟਿਆ। ਉਨ੍ਹਾਂ ਦਸਿਆ ਕਿ ਸੂਚਨਾ ਮਿਲਣ 'ਤੇ ਪੀੜਤ ਵਿਅਕਤੀ ਦੇ ਪ੍ਰਵਾਰਕ ਮੈਂਬਰ ਵੀ ਮੌਕੇ 'ਤੇ ਪਹੁੰਚ ਗਏ ਅਤੇ ਭੀੜ ਨੂੰ ਉਸ ਨੂੰ ਛੱਡ ਦੇਣ ਦੀ ਬੇਨਤੀ ਕੀਤੀ ਪਰ ਪਿੰਡ ਵਾਸੀਆਂ ਨੇ ਉਕਤ ਵਿਅਕਤੀ ਨੂੰ ਚੇਤਾਵਨੀ ਦੇ ਕੇ ਛੱਡੇ ਜਾਣ ਤੋਂ ਪਹਿਲਾਂ ਪਿਸ਼ਾਬ ਪੀਣ ਲਈ ਮਜਬੂਰ ਕੀਤਾ। **(ਏਜੰਸੀ)**

11 ਦੋਸ਼ੀਆਂ ਦੀ ਰਿਹਾਈ ਦਾ ਮਾਮਲਾ : ਵਿਸ਼ੇਸ਼ ਬੈਂਚ ਕਰੇਗਾ ਬਿਲਕਿਸ ਬਾਨੋ ਦੀ ਪਟੀਸ਼ਨ 'ਤੇ ਸੁਣਵਾਈ

ਨਵੀਂ ਦਿੱਲੀ, 7 ਫ਼ਰਵਰੀ : ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਮਾਮਲੇ ਦੀ ਸੁਣਵਾਈ ਲਈ ਨਵਾਂ ਬੈਂਚ ਗਠਿਤ ਕਰਨ ਲਈ ਸਹਿਮਤੀ ਜਤਾਈ ਹੈ। ਮੰਗਲਵਾਰ ਨੂੰ ਬਿਲਕਿਸ ਬਾਨੋ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਪਟੀਸ਼ਨਕਰਤਾ ਨੂੰ ਕਿਹਾ ਕਿ ਉਹ ਜਲਦ ਹੀ ਇਸ ਲਈ ਵਿਸ਼ੇਸ਼ ਬੈਂਚ ਦਾ ਗਠਨ ਕਰੇਗੀ। ਚੀਫ਼ ਜਸਟਿਸ ਡੀ.ਵਾਈ. ਜਸਟਿਸ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਬਿਲਕਿਸ ਬਾਨੋ ਦੀ ਵਕੀਲ ਸੋਭਾ ਗੁਪਤਾ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਪ੍ਰਗਟਾਈ। ਵਿਸ਼ੇਸ਼ ਜ਼ਿਕਰ ਦੌਰਾਨ ਵਕੀਲ ਨੇ ਇਸ ਮਾਮਲੇ 'ਤੇ ਛੇਤੀ ਸੁਣਵਾਈ ਕਰਨ ਦੀ ਬੇਨਤੀ ਕੀਤੀ ਸੀ। ਬਿਲਕਿਸ ਬਾਨੋ ਕੇਸ ਦੇ 11 ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਪਟੀਸ਼ਨਕਰਤਾ ਨੂੰ ਇਹ ਵੀ ਭਰੋਸਾ ਦਿਤਾ ਕਿ ਉਹ ਇਸ ਮਾਮਲੇ ਨੂੰ ਜਲਦੀ ਸੂਚੀਬੱਧ ਕਰੇਗੀ। ਜ਼ਿਕਰਯੋਗ ਹੈ ਕਿ ਬਿਲਕਿਸ ਬਾਨੋ ਨੇ ਸਮੂਹਿਕ ਬਲਾਤਕਾਰ ਦੇ 11 ਦੋਸ਼ੀਆਂ ਨੂੰ ਬਰੀ ਕੀਤੇ ਜਾਣ ਜਾਂ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿਚ ਇਕ ਰਿੱਟ ਪਟੀਸ਼ਨ ਦਾਇਰ ਕੀਤੀ ਸੀ। ਗੁਜਰਾਤ ਸਰਕਾਰ ਨੇ 15 ਅਗੱਸਤ ਨੂੰ ਉਮਰ ਕੈਦ ਦੀ ਸਜ਼ਾ ਕੱਟ ਰਹੇ 11 ਦੋਸ਼ੀਆਂ ਨੂੰ ਰਿਹਾਅ ਕਰ ਦਿਤਾ ਸੀ। **(ਏਜੰਸੀ)**

ਦੂਜੀ ਜਮਾਤ ਤਕ ਦੇ ਵਿਦਿਆਰਥੀਆਂ ਲਈ ਹੋਣਗੀਆਂ ਸਿਰ.ਫ਼ ਦੋ ਕਿਤਾਬਾਂ, ਘਟੇਗਾ ਬਸਤਿਆਂ ਦਾ ਭਾਰ

ਨਵੀਂ ਦਿੱਲੀ, 7 ਫ਼ਰਵਰੀ : ਸਰਕਾਰ ਨੇ ਛੋਟੇ ਬੱਚਿਆਂ ਦੇ ਮੋਢਿਆਂ ਤੋਂ ਭਾਰੀ ਬਸਤਿਆਂ ਦਾ ਬੋਝ ਘਟਾਉਣ ਦਾ ਫ਼ੈਸਲਾ ਕੀਤਾ ਹੈ। ਆਗਾਮੀ ਵਿਦਿਅਕ ਸੈਸ਼ਨ 2023-24 ਵਿਚ, ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਦੇ ਸਕੂਲ ਬਸਤਿਆਂ ਵਿਚ ਸਿਰਫ਼ ਗਣਿਤ ਅਤੇ ਭਾਸ਼ਾ ਦੀਆਂ ਕਿਤਾਬਾਂ ਹੀ ਹੋਣਗੀਆਂ। ਰਾਸ਼ਟਰੀ ਸਿਖਿਆ ਨੀਤੀ ਦੀਆਂ ਸਿਫਾਰਸ਼ਾਂ ਅਨੁਸਾਰ, ਤਿੰਨ ਤੋਂ ਅੱਠ ਸਾਲ ਦੀ ਉਮਰ ਦੇ ਵਿਦਿਆਰਥੀਆਂ ਦਾ ਮੁਲਾਂਕਣ ਰਵਾਇਤੀ ਪ੍ਰੀਖਿਆ ਰਾਹੀਂ ਨਹੀਂ ਕੀਤਾ ਜਾਵੇਗਾ। ਨਾਲ ਹੀ, ਦੂਜੀ ਜਮਾਤ ਤਕ ਦੇ ਵਿਦਿਆਰਥੀਆਂ ਨੂੰ ਹੁਣ ਮਾਤ ਭਾਸ਼ਾ ਵਿਚ ਪੜ੍ਹਾਈ ਕਰਨ ਦਾ ਮੌਕਾ ਮਿਲੇਗਾ।

- ਵਿਦਿਆਰਥੀਆਂ ਨੂੰ ਅਪਣੀ ਮਾਤ ਭਾਸ਼ਾ ਵਿਚ ਪੜ੍ਹਾਈ ਕਰਨ ਦਾ ਮਿਲੇਗਾ ਮੌਕਾ
- ਅਕਾਦਮਿਕ ਸੈਸ਼ਨ 2023-24 ਤੋਂ ਦੇਸ਼ ਵਿਚ ਲਾਗੂ ਹੋਵੇਗੀ ਨਵੀਂ ਨੀਤੀ

ਅਧਿਕਾਰੀ ਮੁਤਾਬਕ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐਨ.ਸੀ.ਈ.ਆਰ.ਟੀ.) ਦੇ ਮਾਹਰਾਂ ਨੇ ਰਾਸ਼ਟਰੀ ਸਿਖਿਆ ਨੀਤੀ ਤਹਿਤ ਪਹਿਲੀ ਅਤੇ ਦੂਜੀ ਜਮਾਤ ਦਾ ਸਿਲੇਬਸ ਤਿਆਰ ਕੀਤਾ ਹੈ। ਸਿਖਿਆ ਮੰਤਰਾਲਾ ਜਲਦੀ ਹੀ ਸਿਲੇਬਸ ਜਾਰੀ ਕਰੇਗਾ। ਇਸ ਤਹਿਤ ਰੋਟ ਲਰਨਿੰਗ ਦੀ ਬਜਾਏ ਖੇਡਾਂ, ਵੀਡੀਉ, ਸੰਗੀਤ, ਕਹਾਣੀ ਸੁਣਾਉਣ, ਵਿਹਾਰਕ ਗਿਆਨ ਆਦਿ ਦੇ ਆਧਾਰ 'ਤੇ ਬੱਚੇ ਦਾ ਮੁਲਾਂਕਣ ਕੀਤਾ ਜਾਵੇਗਾ। ਅਧਿਕਾਰੀ ਨੇ ਦਸਿਆ ਕਿ ਤਿੰਨ ਤੋਂ ਅੱਠ ਸਾਲ ਦੀ ਉਮਰ ਵਿਚ ਬੱਚਾ ਸਭ ਤੋਂ ਵੱਧ ਸਿੱਖਦਾ ਹੈ। ਇਸ ਲਈ ਭਾਸ਼ਾ ਵਿਸ਼ੇ ਵਿਚ ਉਸ ਨੂੰ ਅਪਣੀ ਮਾਤ ਭਾਸ਼ਾ ਵਿਚ ਪੜ੍ਹਨ ਦਾ ਮੌਕਾ ਮਿਲੇਗਾ।ਰਾਜ ਐਨ.ਸੀ.ਈ.ਆਰ.ਟੀ. ਵਿਚ ਤਿਆਰ ਸਿਲੇਬਸ ਦੀਆਂ ਕਿਤਾਬਾਂ ਤੋਂ ਅਧਿਐਨ ਕਰ ਸਕਦੇ ਹਨ ਜਾਂ ਉਹ ਕਿਤਾਬਾਂ ਖ਼ੁਦ ਤਿਆਰ ਕਰਨਗੇ। ਇਸ ਨਾਲ ਵਿਦਿਆਰਥੀ ਬਚਪਨ ਵਿਚ ਹੀ ਅਪਣੀ ਮਾਤ ਭਾਸ਼ਾ ਨੂੰ ਜਾਣ ਅਤੇ ਸਿੱਖ ਸਕਣਗੇ। **(ਏਜੰਸੀ)**

ਆਰਐਸਐਸ ਮੁਖੀ ਮੋਹਨ ਭਾਗਵਤ ਵਿਰੁਧ ਬਿਹਾਰ ਦੀ ਅਦਾਲਤ ਵਿਚ ਸ਼ਿਕਾਇਤ ਦਰਜ

ਮੁਜ਼ੱਫ਼ਰਪੁਰ, 7 ਫ਼ਰਵਰੀ : ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਮੁਖੀ ਮੋਹਨ ਭਾਗਵਤ ਵਿਰੁਧ ਮੰਗਲਵਾਰ ਨੂੰ ਬਿਹਾਰ ਦੇ ਮੁਜ਼ੱਫ਼ਰਪੁਰ ਜ਼ਿਲ੍ਹੇ ਦੀ ਇਕ ਅਦਾਲਤ ਵਿਚ 'ਬ੍ਰਾਹਮਣਾਂ' ਦਾ ਕਥਿਤ ਅਪਮਾਨ ਕਰਨ ਦਾ ਦੋਸ਼ ਲਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਗਈ ਹੈ।

ਵਕੀਲ ਸੁਧੀਰ ਕੁਮਾਰ ਓਝਾ ਨੇ ਮੁਜ਼ੱਫ਼ਰਪੁਰ ਦੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਇਹ ਪਟੀਸ਼ਨ ਦਾਇਰ ਕੀਤੀ ਹੈ। ਪਟੀਸ਼ਨ ਵਿਚ ਉਨ੍ਹਾਂ ਨੇ ਐਤਵਾਰ ਨੂੰ ਮੁੰਬਈ ਵਿਚ ਭਾਗਵਤ ਦੇ ਸੰਬੋਧਨ ਦੀਆਂ ਮੀਡੀਆ ਰਿਪੋਰਟਾਂ ਦਾ ਹਵਾਲਾ ਦਿਤਾ ਜਿਥੇ ਉਹ ਮੱਧਕਾਲੀ ਕਵੀ ਸੰਤ ਰਵਿਦਾਸ ਦੀ ਜਯੰਤੀ ਮਨਾਉਣ ਲਈ ਆਯੋਜਤ ਇਕ ਸਮਾਗਮ ਵਿਚ ਹਿੱਸਾ ਲੈ ਰਹੇ ਸਨ। ਮਰਾਠੀ ਵਿਚ ਅਪਣੇ ਸੰਬੋਧਨ ਦੌਰਾਨ, ਆਰਐਸਐਸ ਮੁਖੀ ਨੇ ਹਿੰਦੂ ਸਮਾਜ ਵਿਚ ਪ੍ਰਚਲਿਤ ਸਖ਼ਤ ਜਾਤੀ ਲੜੀ ਲਈ "ਪੰਡਤਾਂ" (ਪੁਜਾਰੀ ਵਰਗ) ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਮੀਡੀਆ 'ਚ ਆਈਆਂ ਕੁੱਝ ਖ਼ਬਰਾਂ ਅਨੁਸਾਰ, ਭਾਗਵਤ ਵਲੋਂ "ਬ੍ਰਾਹਮਣ ਭਾਈਚਾਰੇ" ਬਾਰੇ ਗੱਲ ਕੀਤੀ ਗਈ ਸੀ ਜੋ ਪੂਜਾ ਨਾਲ ਜੁੜੇ ਹੋਏ ਹਨ। ਬਾਅਦ ਵਿਚ ਆਰਐਸਐਸ ਵਲੋਂ ਜਾਰੀ ਕੀਤੇ ਗਏ ਇਕ ਬਿਆਨ ਵਿਚ ਇਸ ਗੱਲ ਤੋਂ ਇਨਕਾਰ ਕੀਤਾ ਗਿਆ ਸੀ ਕਿ ਭਾਗਵਤ ਨੇ ਕਿਸੇ ਵਿਸ਼ੇਸ਼ ਜਾਤੀ ਦਾ ਜ਼ਿਕਰ ਕੀਤਾ ਸੀ। ਓਝਾ ਨੇ ਅਪਣੀ ਪਟੀਸ਼ਨ 'ਚ ਅਪੀਲ ਕੀਤੀ ਹੈ ਕਿ ਭਾਗਵਤ ਵਿਰੁਧ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਜਨਤਕ ਸ਼ਾਂਤੀ ਭੰਗ ਕਰਨ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ। ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ 20 ਫ਼ਰਵਰੀ ਦੀ ਤਰੀਕ ਤੈਅ ਕੀਤੀ ਹੈ। **(ਏਜੰਸੀ)**

ਕਾਰ ਨੇ 12 ਕਿਲੋਮੀਟਰ ਤਕ ਲਾਸ਼ ਨੂੰ ਘੜੀਸਿਆ, ਚਾਲਕ ਗ੍ਰਿ.ਫ਼ਤਾਰ

ਮਥੁਰਾ, 7 ਫ਼ਰਵਰੀ : ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ ਵਿਚ ਦਿੱਲੀ ਦੇ ਕਾਂਝਵਾਲਾ ਵਰਗਾ ਹੀ ਇਕ ਮਾਮਲਾ ਸਾਹਮਣੇ ਆਇਆ ਹੈ। ਮਥੁਰਾ ਦੇ ਥਾਣਾ ਮਾਂਟ ਇਲਾਕੇ 'ਚ ਯਮੁਨਾ ਐਕਸਪ੍ਰੈਸ ਵੇਅ 'ਤੇ ਕਈ ਕਿਲੋਮੀਟਰ ਤਕ ਕਾਰ ਵਿਚ ਇਕ ਲਾਸ਼ ਫਸੀ ਰਹੀ। ਜਦੋਂ ਕਾਰ ਮਾਂਟ ਟੋਲ ਪਲਾਜ਼ਾ 'ਤੇ ਪਹੁੰਚੀ ਤਾਂ ਐਕਸਪ੍ਰੈਸ ਵੇਅ ਦੇ ਸੁਰੱਖਿਆ ਕਰਮਚਾਰੀਆਂ ਨੇ ਕਾਰ ਦੇ ਹੇਠਾਂ ਲਾਸ਼ ਫਸੀ ਹੋਈ ਦੇਖੀ। ਦਸਿਆ ਜਾ ਰਿਹਾ ਹੈ ਕਿ ਕਾਰ ਵਿਚ ਫਸੀ ਲਾਸ਼ ਨੂੰ ਕਰੀਬ 12 ਕਿਲੋਮੀਟਰ ਤਕ ਘੜੀਸਿਆ ਗਿਆ। ਜਾਣਕਾਰੀ ਮੁਤਾਬਕ ਕਾਰ ਆਗਰਾ ਤੋਂ ਨੋਇਡਾ ਵਲ ਜਾ ਰਹੀ ਸੀ। ਕਾਰ ਦਿੱਲੀ ਵਾਸੀ ਵਰਿੰਦਰ ਚਲਾ ਰਿਹਾ ਸੀ, ਜਿਸ ਨੂੰ ਗ੍ਰਿਫ਼ਤਾਰ ਕਰ ਕੇ ਪੁਲਿਸ ਨੇ ਪੁਛਗਿਛ ਸ਼ੁਰੂ ਕਰ ਦਿਤੀ ਹੈ। ਫੜੇ ਗਏ ਵਿਅਕਤੀ ਨੇ ਕਥਿਤ ਤੌਰ 'ਤੇ ਪੁਲਿਸ ਨੂੰ ਦਸਿਆ ਕਿ ਸੋਮਵਾਰ ਰਾਤ ਨੂੰ ਸੰਘਣੀ ਧੁੰਦ ਸੀ, ਇਸ ਲਈ ਉਸ ਨੂੰ ਦੇਖਣ ਵਿਚ ਮੁਸ਼ਕਲ ਹੋ ਰਹੀ ਸੀ। ਉਸ ਨੂੰ ਅਪਣੀ ਕਾਰ ਦੇ ਹੇਠਾਂ ਫਸੀ ਲਾਸ਼ ਬਾਰੇ ਪਤਾ ਨਹੀਂ ਸੀ। ਪੁਲਿਸ ਸੁਪਰਡੈਂਟ ਤ੍ਰਿਗੁਣ ਬਿਸੇਨ ਨੇ ਕਿਹਾ, "ਬੀਤੀ ਰਾਤ ਐਕਸਪ੍ਰੈਸ ਵੇਅ 'ਤੇ ਸੰਘਣੀ ਧੁੰਦ ਸੀ, ਇਸ ਲਈ ਵਿਜੀਬਿਲਟੀ ਘੱਟ ਸੀ, ਜਿਸ ਕਾਰਨ ਹਾਦਸੇ ਦਾ ਸ਼ਿਕਾਰ ਵਿਅਕਤੀ ਕਾਰ ਦੇ ਹੇਠਾਂ ਆ ਗਿਆ।" ਫਿਲਹਾਲ ਪੁਲਿਸ ਵਿਅਕਤੀ ਕੋਲੋਂ ਪੁਛਗਿਛ ਕਰ ਰਹੀ ਹੈ। **(ਏਜੰਸੀ)**

ਭਾਜਪਾ ਸਰਕਾਰ ਵਲੋਂ ਪੇਸ਼ ਹਰ ਬਜਟ 'ਚ .ਗਰੀਬਾਂ ਦੇ ਹਿਤਾਂ ਨੂੰ ਦਿਤੀ ਗਈ ਪਹਿਲ : ਮੋਦੀ

ਨਵੀਂ ਦਿੱਲੀ, 7 ਫ਼ਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜਟ ਵਿਚ ਸਮਾਜ ਦੇ ਹਰ ਵਰਗ ਲਈ ਕੁੱਝ ਨਾ ਕੁੱਝ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਵਲੋਂ ਪੇਸ਼ ਕੀਤੇ ਗਏ ਹਰ ਬਜਟ 'ਚ ਗ਼ਰੀਬਾਂ ਦੇ ਹਿਤਾਂ ਨੂੰ ਪਹਿਲ ਦਿਤੀ ਗਈ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਇਕ ਫ਼ਰਵਰੀ ਨੂੰ ਬਜਟ ਪੇਸ਼ ਕੀਤੇ ਜਾਣ ਬਾਅਦ ਭਾਜਪਾ ਸੰਸਦੀ ਦਲ ਦੀ ਪਹਿਲੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਕਿਹਾ ਕਿ ਕੋਈ ਵੀ ਇਸ ਨੂੰ 'ਚੋਣ ਬਜਟ' ਨਹੀਂ ਕਹਿ ਰਿਹਾ ਹੈ, ਹਾਲਾਂਕਿ ਇਹ ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਖ਼ਰੀ ਪੂਰਨ ਬਜਟ ਸੀ। ਉਨ੍ਹਾਂ ਕਿਹਾ ਕਿ ਸਮੂਚੇ ਵਿਕਾਸ ਅਤੇ ਸਮਾਜ ਦੇ ਹਰ ਵਰਗ ਦੇ ਹਿਤਾਂ ਨੇ ਬਜਟ ਪ੍ਰਸਤਾਵਾਂ ਨੂੰ ਪ੍ਰੇਰਿਤ ਕੀਤਾ ਹੈ।

ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਪੀ.ਐਮ. ਮੋਦੀ ਦੇ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਪੱਤਰਕਾਰਾਂ ਨੂੰ ਕਿਹਾ ਕਿ ਇਥੇ ਤਕ ਕਿ ਜੋ ਲੋਕ ਵਿਚਾਰਿਕ ਰੂਪ ਨਾਲ ਭਾਜਪਾ ਦੇ ਵਿਰੋਧੀ ਰਹੇ ਹਨ, ਉਨ੍ਹਾਂ ਨੇ ਵੀ ਬਜਟ ਦਾ ਸੁਆਗਤ ਕੀਤਾ ਹੈ। ਸੂਤਰਾਂ ਨੇ ਦਸਿਆ ਕਿ ਪ੍ਰਧਾਨ ਮੰਤਰੀ ਨੇ ਸਾਂਸਦਾਂ ਨੂੰ ਗ਼ਰੀਬ ਅਤੇ ਮੱਧਮ ਵਰਗ ਸਮੇਤ ਅਪਣੇ ਸੰਸਦੀ ਖੇਤਰ ਦੇ ਲੋਕਾਂ ਨੂੰ ਬਜਟ ਨਾਲ ਸਬੰਧਤ ਪਹਿਲੂਆਂ ਬਾਰੇ ਸੂਚਿਤ ਕਰਨ ਲਈ ਕਿਹਾ। ਉਨ੍ਹਾਂ ਮੁਤਾਬਕ ਅਜਿਹਾ ਕਰਦੇ ਹੋਏ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਅਪਣੇ ਚੋਣ ਅਨੁਭਵਾਂ ਨੂੰ ਯਾਦ ਕੀਤਾ ਅਤੇ ਕਿਹਾ ਕਿ ਜਦੋਂ ਕੰਮ ਨੂੰ ਲੋਕਾਂ ਨੂੰ ਮਾਨਤਾ ਦਿਤੀ ਜਾਂਦੀ ਹੈ, ਤਾਂ ਸੱਤਾ ਵਿਰੋਧੀ ਲਹਿਰ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਬਜਟ ਨੂੰ ਲੋਕਾਂ ਵਲੋਂ ਸਵੀਕਾਰ ਕਰਨ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਦੇ ਕਦੇ ਸਿਰਫ਼ 25 ਮਹਿਮਾਨਾਂ ਦੇ ਪ੍ਰਵਾਰਕ ਸਮਾਰੋਹ ਵਿਚ ਹਰ ਕਿਸੇ ਦੀ ਪਸੰਦ ਨੂੰ ਪੂਰਾ ਕਰਨਾ ਮੁਸ਼ਕਲ ਹੁੰਦਾ ਹੈ, ਪਰ ਬਜਟ ਪ੍ਰਸਤਾਵ 130 ਕਰੋੜ ਤੋਂ ਵੱਧ ਲੋਕਾਂ ਦੇ ਦੇਸ਼ ਵਿਚ ਸਮਾਜ ਦੇ ਵੱਖ ਵੱਖ ਵਰਗਾਂ ਦੀ ਉਮੀਦਾਂ ਨੂੰ ਪੂਰਾ ਕਰਨ ਵਿਚ ਸਫ਼ਲ ਰਹੇ ਹਨ। ਪ੍ਰਧਾਨ ਮੰਤਰੀ ਨੇ ਸੰਸਦ ਮੈਂਬਰਾਂ, ਖ਼ਾਸ ਕਰ ਕੇ ਸ਼ਹਿਰਾਂ ਤੋਂ ਆਉਣ ਵਾਲੇ ਸੰਸਦ ਮੈਂਬਰਾਂ ਤੋਂ ਖੇਡ ਪ੍ਰੋਗਰਾਮ ਆਯੋਜਤ ਕਰਨ ਲਈ ਕਿਹਾ, ਕਿਉਂਕਿ ਅਜਿਹਾ ਦੇਖਿਆ ਗਿਆ ਹੈ ਕਿ ਸ਼ਹਿਰ ਦੇ ਨੌਜਵਾਨ ਖੇਡਾਂ 'ਚ ਹਿੱਸਾ ਨਹੀਂ ਲੈ ਰਹੇ ਹਨ। **(ਏਜੰਸੀ)**

ਆਮਦਨ ਟੈਕਸ ਵਿਭਾਗ
ਕੇਂਦਰੀ ਪ੍ਰਤੱਖ ਕਰ ਬੋਰਡ

G20
आज़ादी का अमृत महोत्सव

ਉੱਚ ਪੱਧਰੀ ਜਾਂਚ ਮੁੱਲਾਂਕਣ ਨਾਲ ਸਬੰਧਤ ਕਰਦਾਤਾਵਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਸਥਾਨਕ ਕਮੇਟੀਆਂ ਦੇ ਗਠਨ ਅਤੇ ਕੰਮ ਕਾਜ ਲਈ ਸੋਧੀਆਂ ਹੋਈਆਂ ਹਦਾਇਤਾਂ

ਉੱਚ ਪੱਧਰੀ ਜਾਂਚ ਮੁੱਲਾਂਕਣ ਕਾਰਨ ਪੈਦਾ, ਕਰਦਾਤਾਵਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਕੇਂਦਰੀ ਪ੍ਰਤੱਖ ਕਰ ਬੋਰਡ ਨੇ ਫਾਈਲ ਨੰ 225/101/2021-ITA-II ਮਿਤੀ 23 ਅਪ੍ਰੈਲ 2022 ਦੇ ਮਾਧਿਅਮ ਨਾਲ ਸਥਾਨਕ ਕਮੇਟੀਆਂ ਦੇ ਗਠਨ ਅਤੇ ਇਨ੍ਹਾਂ ਦੇ ਕੰਮ ਕਾਜ ਲਈ ਸੋਧੀਆਂ ਹੋਈਆਂ ਹਦਾਇਤਾਂ ਜਾਰੀ ਕੀਤੀਆਂ ਹਨ। ਇਨ੍ਹਾਂ ਦੀ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ

- ਹਰੇਕ ਪ੍ਰਧਾਨ ਮੁੱਖ ਆਮਦਨ ਕਰ ਕਮਿਸ਼ਨਰ ਖੇਤਰ ਵਿਚ ਪ੍ਰਧਾਨ ਆਮਦਨ ਕਮਿਸ਼ਨਰ/ਆਮਦਨ ਕਰ ਕਮਿਸ਼ਨਰ ਪੱਧਰ 'ਤੇ 3 ਅਧਿਕਾਰੀਆਂ ਦੀਆਂ ਸਥਾਨਕ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਪ੍ਰਧਾਨ ਮੁੱਖ ਆਮਦਨ ਕਰ ਕਮਿਸ਼ਨਰ (ਛੂਟ) ਅਤੇ ਪ੍ਰਧਾਨ ਮੁੱਖ ਆਮਦਨ ਕਰ ਕਮਿਸ਼ਨਰ (ਅੰਤਰਰਾਸ਼ਟਰੀ ਟੈਕਸੇਸ਼ਨ) ਵੀ ਸ਼ਾਮਲ ਹਨ।
- ਪਹਿਚਾਣ ਤੋਂ ਬਿਨਾਂ ਨਿਰਧਾਰਨ ਪ੍ਰਣਾਲੀ ਦੇ ਅੰਤਰਗਤ ਪੂਰੇ ਕੀਤੇ ਗਏ ਨਿਰਧਾਰਨ ਤੋਂ ਪੈਦਾ ਸ਼ਿਕਾਇਤਾਂ ਜੇਕਰ ਹੋਣ ਤਾਂ ਸਮਰਪਿਤ ਈ ਮੇਲ ਆਈ.ਡੀ. samadhan.faceless.assessment@incometax.gov.in 'ਤੇ ਭੇਜੀ ਜਾ ਸਕਦੀ ਹੈ। ਗੈਰ ਪਹਿਚਾਣ ਤੋਂ ਬਿਨਾਂ ਨਿਰਧਾਰਨ ਪ੍ਰਣਾਲੀ ਦੇ ਤਹਿਤ ਪੂਰੇ ਕੀਤੇ ਗਏ ਨਿਰਧਾਰਨ ਤੋਂ ਪੈਦਾ ਸ਼ਿਕਾਇਤਾਂ ਨੂੰ ਸਬੰਧਤ ਪ੍ਰਧਾਨ ਆਮਦਨ ਕਰ ਕਮਿਸ਼ਨਰ ਦਫਤਰ ਵਿਚ ਈ ਮੇਲ ਜਾਂ ਭੌਤਿਕ ਰੂਪ ਵਿੱਚ ਭੇਜਿਆ ਜਾ ਸਕਦਾ ਹੈ।
- ਇਸ ਦੇ ਤਹਿਤ ਪ੍ਰਾਪਤ ਸ਼ਿਕਾਇਤ ਸਬੰਧਤ ਪ੍ਰਧਾਨ ਮੁੱਖ ਆਮਦਨ ਕਰ ਕਮਿਸ਼ਨਰ ਦੀ ਸਥਾਨਕ ਕਮੇਟੀ ਨੂੰ ਅੱਗੇ ਭੇਜ ਦਿੱਤਾ ਜਾਵੇਗਾ ਜੋ ਇਸ ਸ਼ਿਕਾਇਤ ਦੀ ਰਸੀਦ ਦੇਵੇਗੀ।
- ਉਚਿਤ ਜਾਂਚ ਤੋਂ ਬਾਅਦ ਸਥਾਨਕ ਕਮੇਟੀ ਜਿਸ ਮਹੀਨੇ ਵਿਚ ਸ਼ਿਕਾਇਤ ਪ੍ਰਾਪਤ ਹੋਈ ਹੈ, ਉਸ ਮਹੀਨੇ ਦੇ ਖ਼ਤਮ ਹੋਣ ਤੋਂ ਦੋ ਮਹੀਨੇ ਦੇ ਅੰਦਰ ਕਾਰਨ ਸਮੇਤ ਸਬੰਧਤ ਪ੍ਰਧਾਨ ਮੁੱਖ ਆਮਦਨ ਕਰ ਕਮਿਸ਼ਨਰ ਨੂੰ ਇਕ ਰਿਪੋਰਟ ਪੇਸ਼ ਕਰੇਗੀ ਅਤੇ ਇਸ ਸਪਸ਼ਟ ਕਰੇਗੀ ਕਿ ਇਹ ਮਾਮਲਾ ਉੱਚ ਮੁੱਲ ਨਿਰਧਾਰਨ ਦਾ ਹੈ ਜਾਂ ਨਹੀਂ।
- ਅਜਿਹੇ ਮਾਮਲਿਆਂ ਵਿੱਚ ਜਿਥੇ ਸਥਾਨਕ ਕਮੇਟੀ, ਮਾਮਲੇ ਨੂੰ ਉੱਚ ਮੁੱਲ ਦਾ ਦੇਖਦੀ ਹੈ ਜਾਂ ਜਿਥੇ ਨਿਰਧਾਰਨ ਅਧਿਕਾਰੀ/ਇਕਾਈ ਵਲੋਂ, ਕੁਦਰਤੀ ਨਿਆਂ ਦੇ ਸਿਧਾਂਤਾਂ ਦਾ ਪਾਲਨ ਨਹੀਂ ਕੀਤਾ ਗਿਆ ਹੈ ਜਾਂ ਲਾਪ੍ਰਵਾਹੀ ਕੀਤੀ ਗਈ ਹੈ। ਜਾਂ ਬੁੱਧੀ ਦਾ ਪ੍ਰਯੋਗ ਨਹੀਂ ਕੀਤਾ ਗਿਆ ਹੈ, ਉਥੇ ਸਬੰਧਤ ਅਧਿਕਾਰੀ ਦੇ ਵਿਰੁੱਧ ਪ੍ਰਸ਼ਾਸਨਿਕ ਕਾਰਵਾਈ ਸ਼ੁਰੂ ਕਰਨ ਦਾ ਵੀ ਪ੍ਰਬੰਧ ਹੈ।

ਪੂਰੀਆਂ ਸੋਧੀਆਂ ਹੋਈਆਂ ਹਦਾਇਤਾਂ (ਫ ਨੰ 225/101/2021-ITA-II ਮਿਤੀ 23 ਅਪ੍ਰੈਲ 2022) ਲਿੰਕ https://incometaxindia.gov.in/Lists/Latest%20News/Attachments/518/Instruction-225-101-2021.pdf 'ਤੇ ਉਪਲਬਧ ਹੈ।

@Income Tax India
@IncomeTaxIndia
@incometaxindiaofficial
@incometaxindia.official
https://www.incometaxindia.gov.in/
https://www.incometax.gov.in/

ਫ਼ੋਰਟਿਸ ਮਲਾਰ ਹਾਸਪਿਟਲਜ਼ ਲਿਮਟਿਡ

(CIN : L85110PB1989PLC045948)
ਰਜਿਸਟਰਡ ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼-8, ਮੋਹਾਲੀ-160062
ਟੈਲੀ. : 0172-5096001, ਫ਼ੈਕਸ : 0172-5096002, ਵੈੱਬਸਾਈਟ : www.fortismalar.com, ਈ-ਮੇਲ : secretarial.malar@malarhospitals.in

31 ਦਸੰਬਰ, 2022 ਨੂੰ ਖ਼ਤਮ ਤਿਮਾਹੀ ਅਤੇ ਨੌਂ ਮਹੀਨਿਆਂ ਲਈ ਕੰਸੋਲੀਡੇਟਿਡ ਵਿੱਤੀ ਨਤੀਜਿਆਂ ਦੀ ਸਟੇਟਮੈਂਟ

(ਰੁ. ਲੱਖਾਂ 'ਚ ਈ.ਪੀ.ਐਸ. ਤੋਂ ਸਿਵਾਏ)

ਵੇਰਵਾ	ਕੰਸੋਲੀਡੇਟਿਡ		
	31 ਦਸੰਬਰ, 2022 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	31 ਦਸੰਬਰ, 2022 ਨੂੰ ਖ਼ਤਮ ਨੌਂ ਮਹੀਨੇ (ਅਣਪੜਤਾਲੇ)	31 ਦਸੰਬਰ, 2021 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)
ਕਾਰਵਾਈਆਂ ਤੋਂ ਕੁੱਲ ਆਮਦਨ	2,190.28	6,529.45	2,045.42
ਸ਼ੁੱਧ ਲਾਭ/(ਹਾਨੀ) ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਪਹਿਲਾਂ)	(114.85)	(483.91)	(269.84)
ਸ਼ੁੱਧ ਲਾਭ/(ਹਾਨੀ) ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	(114.85)	(483.91)	(269.84)
ਸ਼ੁੱਧ ਲਾਭ/(ਹਾਨੀ) ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	(115.26)	(849.45)	(270.13)
ਕੁਲ ਵਿਆਪਕ ਆਮਦਨ ਸਮੇਂ ਲਈ [ਸਮੇਂ ਲਈ ਲਾਭ/(ਹਾਨੀ) ਸਮੇਤ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)]	(123.49)	(830.33)	(260.69)
ਇਕੁਇਟੀ ਸ਼ੇਅਰ ਕੈਪੀਟਲ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ)	1,875.70	1,875.70	1,875.70
ਰਾਖਵਾਂ (ਰੀਵੈਲਿਊਏਸ਼ਨ ਰਿਜ਼ਰਵ ਛੱਡ ਕੇ) ਜਿਵੇਂ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ ਵਿਚ ਦਰਸਾਇਆ ਗਿਆ ਹੈ	NA	NA	NA
ਪ੍ਰਤੀ ਸ਼ੇਅਰ ਆਮਦਨ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ) (ਲਗਾਤਾਰ ਅਤੇ ਬੰਦ ਹੋਣ ਜਾ ਰਹੀਆਂ ਕਾਰਵਾਈਆਂ ਲਈ) (ੳ) ਬੇਸਿਕ (ਅ) ਡਿਲੀਊਟਿਡ	 (0.61) (0.61)	 (4.53) (4.53)	 (1.44) (1.44)

ਵੇਰਵਾ	ਸਟੈਂਡਅਲੋਨ		
	31 ਦਸੰਬਰ, 2022 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	31 ਦਸੰਬਰ, 2022 ਨੂੰ ਖ਼ਤਮ ਨੌਂ ਮਹੀਨੇ (ਅਣਪੜਤਾਲੇ)	31 ਦਸੰਬਰ, 2021 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)
ਕਾਰਵਾਈਆਂ ਤੋਂ ਮਾਲੀਆ	2,190.28	6,529.45	2,045.42
ਟੈਕਸ ਤੋਂ ਪਹਿਲਾਂ ਹਾਨੀ	(116.50)	(488.38)	(271.00)
ਟੈਕਸ ਤੋਂ ਪਿਛੋਂ ਹਾਨੀ	(116.50)	(852.80)	(271.00)

1. 31 ਦਸੰਬਰ, 2022 ਨੂੰ ਖਤਮ ਤਿਮਾਹੀ ਅਤੇ ਖਤਮ ਨੌਂ ਮਹੀਨਿਆਂ ਦੇ ਵਿੱਤੀ ਨਤੀਜਿਆਂ ਦਾ ਹੂ-ਬ-ਹੂ ਵਿਸਤ੍ਰਿਤ ਸਰੂਪ ਸਟਾਕ ਐਕਸਚੇਂਜ ਕੋਲ ਸੇਬੀ (ਸੂਚੀਕਰਨ ਫ਼ਰਜ਼ ਅਤੇ ਪ੍ਰਗਟਾਵਾ ਜ਼ਰੂਰਤਾਂ) 2015 ਦੇ ਰੈਗੂਲੇਸ਼ਨ 33 ਹੇਠ ਦਰਜ ਕਰਵਾਏ ਗਏ ਹਨ। ਵਿੱਤੀ ਨਤੀਜਿਆਂ ਦਾ ਪੂਰਾ ਸਰੂਪ ਸਟਾਕ ਐਕਸਚੇਂਜ ਦੀ ਵੈੱਬਸਾਈਟ ਭਾਵ www.bseindia.com 'ਤੇ ਅਤੇ ਕੰਪਨੀ ਦੀ ਵੈੱਬਸਾਈਟ www.fortismalar.com 'ਤੇ ਮੌਜੂਦ ਹੈ।

ਫੋਰਟਿਸ ਮਲਾਰ ਹਾਸਪਿਟਲਜ਼ ਲਿਮਟਿਡ
ਲਈ ਅਤੇ ਵਲੋਂ ਬੋਰਡ ਆਫ਼ ਡਾਇਰੈਕਟਰਜ਼
ਚੰਦਰਾਸ਼ੇਖਰ ਆਰ
ਪੂਰੇ ਸਮੇਂ ਲਈ ਡਾਇਰੈਕਟਰ
ਡੀ.ਆਈ.ਐਨ. ਨੰ. : 09414564

ਸਥਾਨ : ਚੇਨੱਈ
ਮਿਤੀ : ਫਰਵਰੀ 07, 2023